# ਪੀ ਏ ਯੂ ਦੀ ਕਣਕ ਦੀ ਨਵੀਂ ਕਿਸਮ ਪੀ ਬੀ ਡਬਲਯੂ 803 ਨੂੰ ਪਰਵਾਨਗੀ

ਕਣਕ ਦੀ ਐਚ ਡੀ 3086 ਕਿਸਮ ਨੂੰ ਸਾਲ 2015 ਦੌਰਾਨ ਕਾਸ਼ਤ ਲਈ ਜਾਰੀ ਕੀਤਾ ਗਿਆ ਅਤੇ ਕਿਸਾਨਾਂ ਨੇ ਇਸ ਨੂੰ ਭਰਵਾਂ ਹੁੰਗਾਰਾ ਦਿੱਤਾ ਪਰ ਇਸ ਕਿਸਮ ਉੱਪਰ ਪੀਲੀ ਕੁੰਗੀ ਦਾ ਹਮਲਾ ਹੋਣ ਲੱਗ ਪਿਆ ਜਿਸ ਦੇ ਮੱਦੇਨਜ਼ਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ ਏ ਯੂ), ਲੁਧਿਆਣਾ ਦੇ ਸਾਇੰਸਦਾਨਾਂ ਨੇ ਇਸ ਕਿਸਮ ਦਾ ਸੋਧਿਆ ਰੂਪ ਤਿਆਰ ਕੀਤਾ ਹੈ ਜਿਸ ਨੂੰ ਪੀ ਬੀ ਡਬਲਯੂ 803 ਦਾ ਨਾਮ ਦਿੱਤਾ ਹੈ।

ਭਾਰਤੀ ਖੇਤੀ ਖੋਜ ਪਰਿਸ਼ਦ (ਆਈ ਸੀ ਏ ਆਰ) ਦੇ ਡਿਪਟੀ ਡਾਇਰੈਕਟਰ ਜਨਰਲ ਟੀ ਆਰ ਸ਼ਰਮਾ ਦੀ ਪ੍ਰਧਾਨਗੀ ਹੇਠ ਹੋਈ ਕੇਂਦਰੀ ਸਬ-ਕਮੇਟੀ ਵੱਲੋਂ ਇਸ ਕਿਸਮ ਦੇ ਨੋਟੀਫ਼ਿਕੇਸ਼ਨ ਅਤੇ ਕਾਸ਼ਤ ਦੀ ਪੇਸ਼ਕਸ਼ ਨੂੰ ਮਨਜ਼ੂਰੀ ਦਿੱਤੀ ਗਈ ਹੈ। ਇਹ ਕਿਸਮ ਭੂਰੀ ਕੁੰਗੀ ਦਾ ਪੂਰਨ ਤੌਰ ਤੇ ਅਤੇ ਪੀਲੀ ਕੁੰਗੀ ਦਾ ਦਰਮਿਆਨੇ ਪੱਧਰ ਤੇ ਟਾਕਰਾ ਕਰ ਸਕਦੀ ਹੈ।

ਇਸਦਾ ਔਸਤ ਕੱਦ 100 ਸੈਂਟੀਮੀਟਰ ਹੈ ਅਤੇ ਇਹ ਪੱਕਣ ਲਈ 151 ਦਿਨ ਲੈਂਦੀ ਹੈ। ਖੋਜ ਅਤੇ ਅਡੈਪਟਿਵ ਤਜਰਬਿਆਂ ਵਿੱਚ ਪੀ ਬੀ ਡਬਲਯੂ 803 ਨੇ ਐਚ ਡੀ 3086 ਨਾਲੋਂ 5 ਫ਼ੀਸਦੀ ਵੱਧ ਝਾੜ ਦਿੱਤਾ ਹੈ।

ਲੰਮਾਂ ਸਮਾਂ ਲੈਣ ਵਾਲੀਆਂ ਝੋਨੇ ਦੀਆਂ ਕਿਸਮਾਂ ਦੀ ਕਾਸ਼ਤ ਕਰਨ ਵਾਲੇ ਇਲਾਕਿਆਂ, ਜਿਨ੍ਹਾਂ ਵਿੱਚ ਹੁਣ ਬਿਜਾਈ ਹੋ ਰਹੀ ਹੈ, ਲਈ ਇਹ ਕਿਸਮ ਬਹੁਤ ਢੁੱਕਵੀਂ ਹੈ। ਇਨ੍ਹਾਂ ਇਲਾਕਿਆਂ ਵਿੱਚ ਕਣਕ ਦੇ ਪੱਕਣ ਸਮੇਂ ਵੱਧ ਤਾਪਮਾਨ ਹੋਣ ਕਰਕੇ ਬਾਕੀ ਕਿਸਮਾਂ ਦਾ ਝਾੜ ਘੱਟ ਆਉਂਦਾ ਹੈ ਪਰ ਇਹ ਮੋਟਾ ਦਾਣਾ ਬਣਾ ਲੈਂਦੀ ਹੈ।

ਇਹ ਕਿਸਮ ਆਮ ਹਾਲਾਤ ਲਈ ਢੁੱਕਵੀਂ ਹੋਣ ਦੇ ਨਾਲ-ਨਾਲ ਸੇਮ/ਖਾਰੇ ਪਾਣੀਆਂ ਅਤੇ ਕਲਰਾਠੀਆਂ ਜ਼ਮੀਨਾਂ ਲਈ ਵੀ ਢੁੱਕਵੀਂ ਹੈ। ਇਸ ਕਿਸਮ ਦਾ ਬੀਜ ਪੀ ਏ ਯੂ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਮੌਜੂਦ ਖੋਜ ਕੇਂਦਰਾਂ, ਕ੍ਰਿਸ਼ੀ ਵਿਗਿਆਨ ਕੇਂਦਰਾਂ, ਫਾਰਮ ਸਲਾਹਕਾਰ ਕੇਂਦਰਾਂ ਅਤੇ ਬੀਜ ਫਾਰਮਾਂ 'ਤੇ ਸੁਲੱਭ ਹੈ।